Alberta

# ਨਿਊਜ਼ ਰਿਲੀਜ਼

# ਭਿਅੰਕਰਤ ਹੜ੍ਹਾਂ ਤੋਂ ਬਾਦ ਪਾਕਿਸਤਾਨ ਦੀ ਮਦਦ ਲਈ ਗਰਾਂਟ

20 ਸਤੰਬਰ, 2022

**ਪਾਕਿਸਤਾਨ ਵਿਚ ਤਬਾਹੀ ਮਚਾਉਣ ਵਾਲੇ ਹੜ੍ਹਾਂ ਤੋਂ ਪੀੜਤ ਲੋਕਾਂ ਦੀ ਮਦਦ ਲਈ ਚੱਲ ਰਹੇ ਉਪਰਾਲਿਆਂ ਵਿਚ ਅਲਬਰਟਾ ਵੀ ਸ਼ਾਮਲ ਹੋ ਰਿਹਾ ਹੈ ਅਤੇ ਕਨੇਡੀਅਨ ਰੈੱਡ ਕਰੌਸ ਨੂੰ $500,000 ਤੱਕ ਦੀ ਮੈਚਿੰਗ ਗਰਾਂਟ ਦੇ ਰਿਹਾ ਹੈ।**

ਇਸ ਗਰਾਂਟ ਦਾ ਮਤਲਬ ਇਹ ਹੈ ਕਿ ਅਲਬਰਟਾ ਵਾਸੀ ਜਾਂ ਅਲਬਰਟਾ ਦਾ ਕੋਈ ਸੰਗਠਨ ਕਨੇਡੀਅਨ ਰੈੱਡ ਕਰੌਸ ਨੂੰ ਜਿਹੜੀ ਵੀ ਡੋਨੇਸ਼ਨ ਦੇਵੇਗਾ, ਉਸਦੇ ਬਰਾਬਰ ਰਾਸ਼ੀ ਅਲਬਰਟਾ ਸਰਕਾਰ ਵੀ ਦੇਵੇਗੀ, ਜਿਹੜੀ ਵੱਧ ਤੋਂ ਵੱਧ $500,000 ਹੋ ਸਕਦੀ ਹੈ। ਇਹ ਫੰਡ ਕਨੇਡੀਅਨ ਰੈੱਡ ਕਰੌਸ ਨੂੰ ਪਾਕਿਸਤਾਨ ਵਿਚ ਹੜ੍ਹਾਂ ਤੋਂ ਪ੍ਰਭਾਵਤ ਲੱਖਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿਚ ਮਦਦ ਕਰਨਗੇ, ਜਿੱਥੇ ਹੜ੍ਹਾਂ ਅਤੇ ਢਿੱਗਾਂ ਡਿੱਗਣ ਨਾਲ 30 ਮਿਲੀਅਨ ਤੋਂ ਵੱਧ ਲੋਕ ਪ੍ਰਭਾਵਤ ਹੋਏ ਹਨ, 1200 ਤੋਂ ਵੱਧ ਮਾਰੇ ਗਏ ਹਨ ਅਤੇ ਹਜ਼ਾਰਾਂ ਜ਼ਖਮੀ ਅਤੇ ਬੇਘਰ ਹੋਏ ਹਨ।

"ਪਾਕਿਸਤਾਨ ਵਿਚ ਇਸ ਮਾਨਵੀ ਤ੍ਰਾਸਦੀ ਦਾ ਸ਼ਿਕਾਰ ਲੋਕਾਂ ਦੀ ਮਦਦ ਲਈ ਅਲਬਰਟਾ ਵਾਸੀ ਅੱਗੇ ਆ ਰਹੇ ਹਨ। ਸਾਨੂੰ ਉਮੀਦ ਹੈ ਕਿ ਇਸ ਗਰਾਂਟ ਨਾਲ ਅਲਬਰਟਾ ਵਾਸੀਆਂ ਨੂੰ ਉਤਸ਼ਾਹਿਤ ਕਰਨ ਵਿਚ ਮਦਦ ਮਿਲੇਗੀ ਤਾਂ ਜੋ ਉਹ ਤ੍ਰਾਸਦੀ ਪ੍ਰਭਾਵਤ ਲੋਕਾਂ ਦੀ ਮਦਦ ਲਈ ਜੋ ਕਰ ਸਕਦੇ ਹਨ, ਉਹ ਕਰਨ। ਅਲਬਰਟਾ ਦੇ ਯੋਗਦਾਨ ਨਾਲ ਰੈੱਡ ਕਰੌਸ ਨੂੰ ਬੁਨਿਆਦੀ ਰਿਲੀਫ਼ ਵਸਤਾਂ ਜਿਵੇਂ ਕਿ ਭੋਜਨ, ਰਿਹਾਇਸ਼, ਪਾਣੀ ਅਤੇ ਦਵਾਈਆਂ ਪ੍ਰਦਾਨ ਕਰਨ ਵਿਚ ਮਦਦ ਮਿਲੇਗੀ।"

*ਜੇਸਨ ਕੈਨੀ, ਪ੍ਰੀਮੀਅਰ*

"ਹੜ੍ਹਾਂ ਨੇ ਪਾਕਿਸਤਾਨੀ ਲੋਕਾਂ ਦਾ ਬਹੁਤ ਨੁਕਸਾਨ ਕੀਤਾ ਹੈ, ਜਿਸ ਵਿਚ ਹਜ਼ਾਰਾਂ ਲੋਕ ਜ਼ਖਮੀ ਹੋ ਗਏ ਹਨ ਜਾਂ ਬੇਘਰ ਹੋ ਗਏ ਹਨ। ਮਹੀਨਿਆਂ ਬੱਧੀ ਭਾਰੀ ਮੀਂਹ ਅਤੇ ਹੜ੍ਹਾਂ ਨਾਲ ਤਬਾਹ ਕੀਤੇ ਮੁਲਕ ਦੇ ਲੋਕਾਂ ਦੀ ਮਦਦ ਲਈ ਅਲਬਰਟਾ ਵਾਸੀਆਂ ਦੁਆਰਾ ਦਿਲ ਖੋਲ੍ਹਕੇ ਪਾਏ ਯੋਗਦਾਨ ਦੇ ਬਰਾਬਰ ਅਲਬਰਟਾ ਸਰਕਾਰ ਆਪਣਾ ਯੋਗਦਾਨ ਪਾਵੇਗੀ। ਕਨੇਡੀਅਨ ਰੈੱਡ ਕਰੌਸ ਦੀ ਮਦਦ ਨਾਲ ਅਸੀਂ ਉਨ੍ਹਾਂ ਪਰਿਵਾਰਾਂ ਅਤੇ ਬੱਚਿਆਂ ਨੂੰ ਲੋੜੀਂਦੀ ਸਹਾਇਤਾ ਪਹੁੰਚਾਉਣ ਯੋਗੇ ਹੋਵਾਂਗੇ, ਜਿਹੜੇ ਤਬਾਹੀ ਚੋਂ ਨਿਕਲਕੇ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।"

*ਰਿਕ ਮਕਾਈਵਰ (Ric McIver), ਮਨਿਸਟਰ ਔਫ ਮਿਊਨਿਸਪਲ ਅਫੇਅਰਜ਼*

## ਸੰਬੰਧਿਤ ਜਾਣਕਾਰੀ

*ਪਾਕਿਸਤਾਨ ਫਲੱਡ ਅਪੀਲ*
ਲਈ ਅਲਬਰਟਾ ਵਾਸੀ ਡੋਨੇਸ਼ਨ ਦੇ ਸਕਦੇ ਹਨ

## ਮੀਡੀਆ ਪੁੱਛਗਿੱਛ

ਸਕੌਟ ਜੌਨਸਟਨ (Scott Johnston)
ਪ੍ਰੈੱਸ ਸਕੱਤਰ
ਫੋਨ: 780-918-4284
ਈਮੇਲ: scott.johnston@gov.ab.ca

ਨਿਊਜ਼ ਰਿਲੀਜ਼

"ਅਲਬਰਟਾ ਵਾਸੀ ਮੁਲਕ ਦੇ ਅੰਦਰ ਅਤੇ ਦੁਨੀਆ ਭਰ ਵਿਚ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਤ ਲੋਕਾਂ ਦੀ ਮਦਦ ਲਈ ਦਿਲ ਖੋਲ੍ਹਕੇ ਅੱਗੇ ਆਉਂਦੇ ਹਨ। ਨੌਨ-ਸਟੌਪ ਮੌਨਸੂਨ ਬਾਰਿਸ਼ ਨੇ ਪਾਕਿਸਤਾਨ ਵਿਚ ਤਬਾਹੀ ਮਚਾਈ ਹੈ ਅਤੇ ਮੈਂ ਇਸ ਗੱਲ ਲਈ ਸ਼ੁਕਰਗੁਜ਼ਾਰ ਹਾਂ ਕਿ ਕਨੇਡੀਅਨ ਰੈੱਡ ਕਰੌਸ ਰਾਹੀਂ ਅਲਬਰਟਾ ਵਾਸੀਆਂ ਦੀਆਂ ਡੋਨੇਸ਼ਨਾਂ ਹਜ਼ਾਰਾਂ ਲੋਕਾਂ ਨੂੰ ਆਪਣੀ ਜ਼ਿੰਦਗੀ ਮੁੜ ਖੜ੍ਹੀ ਕਰਨ ਵਿਚ ਮਦਦ ਕਰਨਗੀਆਂ।"

*ਮੁਹੰਮਦ ਯਾਸੀਨ, ਅਸੋਸੀਏਟ ਮਨਿਸਟਰ ਔਫ ਇਮੀਗਰੇਸ਼ਨ ਐਂਡ ਮਲਟੀਕਲਚਰਿਜ਼ਮ*

"ਰਿਕਾਰਡ-ਤੋੜੂ ਮੌਨਸੂਨ ਮੀਂਹ ਪਾਕਿਸਤਾਨ ਵਿਚ ਲੱਖਾਂ ਲੋਕਾਂ ਦੀ ਜ਼ਿੰਦਗੀ ਅਤੇ ਗੁਜ਼ਾਰੇ ਲਈ ਖਤਰਾ ਪੈਦਾ ਕਰ ਰਹੇ ਹਨ। ਕਨੇਡੀਅਨ ਰੈੱਡ ਕਰੌਸ ਦੀ **ਪਾਕਿਸਤਾਨ ਫਲੱਡ ਅਪੀਲ** ਲਈ ਅਲਬਰਟਾ ਵਾਸੀਆਂ ਦੀਆਂ ਡੋਨੇਸ਼ਨਾਂ, ਅਤੇ ਇਸ ਦੇ ਬਰਾਬਰ ਅਲਬਰਟਾ ਸਰਕਾਰ ਦ□ ਯੋਗਦਾਨ ਇਸ ਮੁਸ਼ਕਲ ਭਰੇ ਸਮੇਂ ਵਿਚ ਪਾਕਿਸਤਾਨ ਦੇ ਲੋਕਾਂ ਨੂੰ ਐਮਰਜੰਸੀ ਰਿਲੀਫ ਅਤੇ ਮੁੜ ਵਸੇਬੇ ਲਈ ਸਹਾਇਤਾ ਪ੍ਰਦਾਨ ਕਰਨ ਵਿਚ ਮਦਦ ਕਰਨਗੇ। ਇਸ ਸਹਾਇਤਾ ਲਈ ਰੈੱਡ ਕਰੌਸ ਸ਼ੁਕਰਗੁਜ਼ਾਰ ਹੈ।"

*ਜੈੱਨ ਮਕਮੇਨਸ (Jenn McManus) ਕਨੇਡੀਅਨ ਰੈੱਡ ਕਰੌਸ ਦੇ ਅਲਬਰਟਾ ਅਤੇ ਨੌਰਥਵੈਸਟ ਟੈਰਟਰੀਜ਼ ਲਈ ਵਾਈਸ ਪ੍ਰੈਜ਼ੀਡੈਂਟ*

ਡੋਨੇਸ਼ਨ ਦੇਣ ਬਾਰੇ ਹੋਰ ਜਾਨਣ ਲਈ ਅਲਬਰਟਾ ਵਾਸੀ ਇਸ ਸਾਈਟ ਤੇ ਜਾ ਸਕਦੇ ਹਨ: https://www.redcross.ca/about-us/media-news/news-releases/canadian-red-cross-launches-pakistan-floods-appeal

## ਮੁੱਖ ਤੱਥ

- 29 ਅਗਸਤ, 2022 ਨੂੰ ਕੈਨੇਡਾ ਸਰਕਾਰ ਨੇ ਪਾਕਿਸਤਾਨ ਵਿਚ ਮਾਨਵੀ ਸਹਾਇਤਾ ਲਈ $5 ਮਿਲੀਅਨ ਦੇ ਫੰਡਿੰਗ ਦਾ ਐਲਾਨ ਕੀਤਾ। ਇਹ ਕੈਨੇਡਾ ਵਲੋਂ ਯੂ ਐਨ ਸੈਂਟਰਲ ਐਮਰਜੰਸੀ ਰਿਸਪੌਂਸ ਲਈ 19 ਅਗਸਤ, 2022 ਨੂੰ ਐਲਾਨੇ ਗਏ ਯੂ ਐਸ $3 ਮਿਲੀਅਨ ਤੋਂ ਇਲਾਵਾ ਹੈ।
- *ਪਾਕਿਸਤਾਨ ਫਲੱਡ ਅਪੀਲ* ਰਾਹੀਂ ਇਕੱਠਾ ਹੋਇਆ ਪੈਸਾ ਰੈੱਡ ਕਰੌਸ ਅਤੇ ਰੈਡ ਕਰੈਸੰਟ ਨੂੰ ਇਸ ਯੋਗ ਬਣਾਏਗਾ ਕਿ ਉਹ ਪਾਕਿਸਤਾਨ ਵਿਚ ਹੜ੍ਹਾਂ ਦੁਆਰਾ ਮਚਾਈ ਤਬਾਹੀ ਦੇ ਸਨਮੁੱਖ ਰਿਲੀਫ, ਰਿਕਵਰੀ ਅਤੇ ਹੋਰ ਸਹਾਇਤਾ ਗਤੀਵਿਧੀਆਂ ਜਾਰੀ ਰੱਖ ਸਕਣ।